# ਮਨੋਵਿਗਿਆਨ ਵਿਭਾਗ

# ਪੰਜਾਬੀ ਯੂਨੀਵਰਸਿਟੀ, ਪਟਿਆਲਾ

1368/ ਮਨੋ
25/2/22

ਰੱਦੀ/ਕੰਡਮ ਸਮਾਨ ਦੀ ਵਿਕਰੀ ਲਈ ਕੁਟੇਸ਼ਨਾਂ ਮੰਗਵਾਉਣ ਸਬੰਧੀ।

ਮਨੋਵਿਗਿਆਨ ਵਿਭਾਗ ਵਿਚ ਰੱਦੀ/ਕੰਡਮ ਸਮਾਨ ਵੇਚਣ ਲਈ ਸੀਲਡ ਟੈਂਡਰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਮੰਗੇ ਜਾਂਦੇ ਹਨ :

1. ਇਹ ਟੈਂਡਰ ਪਹਿਲੀ ਵਾਰ ਰੱਦੀ/ਕੰਡਮ ਸਮਾਨ ਚੁੱਕਣ ਦੀ ਮਿਤੀ ਤੋਂ 6 ਮਹੀਨੇ ਦੇ ਸਮੇਂ ਲਈ ਹੋਵੇਗਾ।
2. ਸਫ਼ਲ ਟੈਂਡਰ ਕਰਤਾ ਹਰ ਬਦਲਵੇਂ ਮਹੀਨੇ ਦੇ ਪਹਿਲੇ ਹਫਤੇ ਜਾਂ ਮਨੋਵਿਗਿਆਨ ਵਿਭਾਗ ਤੋਂ ਮਿਲੀ ਸੂਚਨਾ ਅਨੁਸਾਰ ਦਿੱਤੀ ਮਿਤੀ ਨੂੰ ਚੁੱਕੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮਨੋਵਿਗਿਆਨ ਵਿਭਾਗ ਵਲੋਂ ਜੁਰਮਾਨਾ ਲਗਾਇਆ ਜਾ ਸਕਦਾ ਹੈ।
3. ਰਜਿਸਟਰਾਰ ਸਾਹਿਬ ਨੂੰ ਕਿਸੇ ਵੀ ਟੈਂਡਰ ਨੂੰ ਰੱਦ ਕਰਨ ਦਾ ਅਧਿਕਾਰ ਹੋਵੇਗਾ। ਇਸ ਸਬੰਧੀ ਵਿੱਚ ਕੋਈ ਚਿੱਠੀ ਪੱਤਰ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਕਾਰਨ ਦੱਸੇ ਜਰੂਰੀ ਹੋਵੇਗਾ।
4. ਰੱਦੀ/ਕੰਡਮ ਸਮਾਨ ਦੀ ਛਟਾਈ, ਚੁਕਾਈ, ਪੈਕਿੰਗ ਅਤੇ ਤੁਲਾਈ ਆਦਿ ਦਾ ਸਾਰਾ ਪ੍ਰਬੰਧ ਟੈਂਡਰ ਕਰਤਾ ਦੁਆਰਾ ਕੀਤਾ ਜਾਵੇਗਾ। ਤੁਲਾਈ ਆਦਿ ਸਿੰਡੀਕੇਟ ਵਲੋਂ ਪ੍ਰਵਾਨਿਤ ਕਮੇਟੀ ਰਾਹੀਂ ਕਰਵਾਈ ਜਾਵੇਗੀ।
5. ਮਨੋਵਿਗਿਆਨ ਵਿਭਾਗ ਵਲੋਂ ਰੱਦੀ ਚੁੱਕਣ ਅਤੇ ਗੇਟ ਪਾਸ ਬਣਵਾਉਣ ਤੋਂ ਪਹਿਲਾਂ ਮਾਲ ਦੀ ਬਣਦੀ ਰਕਮ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਉਸਦੀ ਰਸੀਦ ਮਨੋਵਿਗਿਆਨ ਵਿਭਾਗ ਵਿਖੇ ਜਮ੍ਹਾਂ ਕਰਵਾਉਣੀ ਹੋਵੇਗੀ।
6. ਮਨੋਵਿਗਿਆਨ ਵਿਭਾਗ ਵਿਖੇ ਰੱਦੀ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਵੇਖੀ ਜਾ ਸਕਦੀ ਹੈ।
7. ਟੈਂਡਰ ਉੱਤੇ ਕੋਈ ਕਟਿੰਗ ਆਦਿ ਜਾਂ ਲਿਖਤ ਵਿੱਚ ਕੋਈ ਅਦਲਾ-ਬਦਲੀ ਉਚਿਤ ਨਹੀਂ ਸਮਝੀ ਜਾਵੇਗੀ। ਜੇ ਕੋਈ ਮਾਮੂਲੀ ਤਬਦੀਲੀ ਹੋਵੇ ਤਾਂ ਉਸ ਉੱਤੇ ਹਸਤਾਖਰ ਜਰੂਰ ਕਿਤੇ ਜਾਣ।
8. ਟੈਂਡਰ ਫੀਸ ਵਜੋਂ 100 ਰੁਪਏ ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਰਸੀਦ ਦੇਣ ਉਪਰੰਤ ਟੈਂਡਰ ਫਾਰਮ ਵਿਭਾਗ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਟੈਂਡਰ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ ਨਹੀਂ ਹੋਵੇਗੀ।
9. ਯੂਨੀਵਰਸਿਟੀ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਸ਼ਰਤ ਉੱਤੇ ਕਿਸੇ ਵੀ ਸਮੇਂ ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਨਾਲ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਦੇ ਫੈਸਲੇ ਅਨੁਸਾਰ ਹੀ ਲਾਗੂ ਹੋਵੇਗੀ।
10. ਕਿਸੇ ਵੀ ਤਰ੍ਹਾਂ ਦਾ ਵਾਦ-ਵਿਵਾਦ ਪੈਦਾ ਹੋ ਜਾਣ ਦੀ ਸੂਰਤ ਵਿਚ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦਾ ਫੈਸਲਾ ਅੰਤਿਮ ਹੋਵੇਗਾ।
11. ਬੰਦ ਲਿਫਾਫੇ ਵਿੱਚ ਨਿਰਧਾਰਤ ਫਾਰਮ ਉੱਪਰ ਜਿਹਨਾਂ ਉੱਤੇ ਰੱਦੀ/ਕੰਡਮ ਸਮਾਨ ਆਦਿ ਦਾ ਟੈਂਡਰ ਲਿਖਿਆ ਹੋਵੇ ਵਿਭਾਗ ਵਿਖੇ ਮਿਤੀ 10.03.2022 ਸ਼ਾਮ 4 ਵਜੇ ਤੱਕ ਪੁੱਜਦੇ ਹੋਣੇ ਚਾਹੀਦੇ ਹਨ।

25.02.22

ਮੁਖੀ
Head
Department of Psychology
Punjabi University, Patiala

ਡਾਇਰੈਕਟਰ ਕੰਪਿਊਟਰ ਸੈਂਟਰ